# Telephone conversation between Prime Minister Shri Narendra Modi and his German counterpart, Federal Chancellor Dr Angela Merkel

August 23, 2021

# ਪ੍ਰਧਾਨ ਮੰਤਰੀ ਨੇ ਜਰਮਨੀ ਦੇ ਆਪਣੇ ਹਮਰੁਤਬਾ ਫੈਡਰਲ ਚਾਂਸਲਰ ਡਾ. ਐਂਜੇਲਾ ਮਰਕਲ ਨਾਲ ਫ਼ੋਨ 'ਤੇ ਗੱਲ ਕੀਤੀ

23 ਅਗਸਤ, 2021

ਪ੍ਰਧਾਨ ਮੰਤਰੀ, ਸ਼੍ਰੀ ਨਰੇਂਦਰ ਮੋਦੀ ਨੇ ਅੱਜ ਜਰਮਨੀ ਦੇ ਆਪਣੇ ਹਮਰੁਤਬਾ ਫੈਡਰਲ ਚਾਂਸਲਰ ਡਾ. ਐਂਜੇਲਾ ਮਰਕਲ ਨਾਲ ਫ਼ੋਨ 'ਤੇ ਗੱਲ ਕੀਤੀ।

ਦੋਵੇਂ ਆਗੂਆਂ ਨੇ ਅਫ਼ਗ਼ਾਨਿਸਤਾਨ 'ਚ ਬਦਲ ਰਹੀ ਸੁਰੱਖਿਆ ਦੀ ਸਥਿਤੀ ਅਤੇ ਇਸ ਖੇਤਰ ਤੇ ਬਾਕੀ ਦੁਨੀਆ ਉੱਤੇ ਉਸ ਦੇ ਅਸਰ ਨੂੰ ਲੈ ਕੇ ਚਰਚਾ ਕੀਤੀ। ਉਨ੍ਹਾਂ ਸ਼ਾਂਤੀ ਤੇ ਸੁਰੱਖਿਆ ਬਣਾ ਕੇ ਰੱਖਣ ਦੇ ਮਹੱਤਵ 'ਤੇ ਜ਼ੋਰ ਦਿੱਤਾ, ਜਿਸ ਵਿੱਚ ਸਭ ਤੋਂ ਜ਼ਰੂਰੀ ਤਰਜੀਹ ਉੱਥੇ ਫਸੇ ਹੋਏ ਲੋਕਾਂ ਦੀ ਦੇਸ਼ ਵਾਪਸੀ ਦੀ ਹੈ।

ਦੋਵੇਂ ਆਗੂਆਂ ਨੇ ਦੁਵੱਲੇ ਏਜੰਡੇ ਦੇ ਮੁੱਦਿਆਂ 'ਤੇ ਵੀ ਚਰਚਾ ਕੀਤੀ। ਇਨ੍ਹਾਂ 'ਚ ਕੋਵਿਡ–19 ਟੀਕਿਆਂ 'ਚ ਸਹਿਯੋਗ ਕਰਨਾ, ਜਲਵਾਯੂ ਤੇ ਊਰਜਾ ਉੱਤੇ ਧਿਆਨ ਨਾਲ ਵਿਕਾਸ ਉੱਤੇ ਸਹਿਯੋਗ ਕਰਨਾ ਅਤੇ ਵਪਾਰਕ ਤੇ ਆਰਥਿਕ ਸਬੰਧਾਂ ਨੂੰ ਹੁਲਾਰਾ ਦੇਣਾ ਸ਼ਾਮਲ ਹੈ। ਉਨ੍ਹਾਂ ਬਹੁ–ਪੱਖੀ ਹਿਤਾਂ ਵਾਲੇ ਮੁੱਦਿਆਂ ਉੱਤੇ ਆਪਣੇ ਵਿਚਾਰ ਸਾਂਝੇ ਕੀਤੇ ਜਿਵੇਂ ਕਿ ਅਗਲੀ ਸੀਓਪੀ–26 ਬੈਠਕ ਉੱਤੇ ਅਤੇ ਸੰਯੁਕਤ ਰਾਸ਼ਟਰ ਸਲਾਮਤੀ ਕੌਂਸਲ 'ਚ ਸਮੁੰਦਰੀ ਸੁਰੱਖਿਆ ਉੱਤੇ ਇੱਕ ਸੰਵਾਦ ਨੂੰ ਹੁਲਾਰਾ ਦੇਣ ਲਈ ਭਾਰਤ ਦੀ ਪਹਿਲ ਉੱਤੇ। ਉਨ੍ਹਾਂ ਭਾਰਤ–ਪ੍ਰਸ਼ਾਂਤ ਖੇਤਰ 'ਚ ਸਮਾਵੇਸ਼ੀ ਸਹਿਯੋਗ ਨੂੰ ਹੁਲਾਰਾ ਦੇਣ' ਲਈ ਦੋਵੇਂ ਧਿਰਾਂ ਦੇ ਦਰਮਿਆਨ ਦ੍ਰਿਸ਼ਟੀਕੋਣ ਦੀ ਸਮਾਨਤਾ ਉੱਤੇ ਵੀ ਜ਼ੋਰ ਦਿੱਤਾ।

ਨਵੀਂ ਦਿੱਲੀ

23 ਅਗਸਤ, 2021

DISCLAIMER: This is an approximate translation. The original is available in English on MEA's website and may be referred to as the official press release